3. ਟੇਬਲ ਡਾਟਾ <TD>, ਟੇਬਲ ਵਿੱਚ ਸਟੋਰ ਕੀਤੀ ਜਾਣਕਾਰੀ ਨੂੰ ਪਰਿਭਾਸ਼ਿਤ ਕਰਦਾ ਹੈ ਇਹ <TD> ਡਾਟਾ ਨਾਲ ਸ਼ੁਰੂ ਹੁੰਦਾ ਹੈ ਅਤੇ </TD> ਨਾਲ ਖਤਮ ਹੁੰਦਾ ਹੈ।

ਆਉ ਅਸੀਂ ਚਿੱਤਰ 2.44 ਅਤੇ 2.45 ਵਿਚਲੇ ਇਹਨਾਂ ਸਾਰੇ ਟੈਗਾਂ ਨੂੰ ਵਿਸਤਾਰ ਨਾਲ ਸਮਝੀਏ।




ਚਿੱਤਰ 2. 44




ਚਿੱਤਰ 2. 45

## 2.12.2 Table ਟੈਗ ਦੇ Attributes (ਗੁਣ) :-

**Border:-** **(ਬਾਰਡਰ)** : Border ਐਟਰੀਬਿਊਟ ਟੇਬਲ ਦੇ ਬਾਰਡਰ ਦੀ ਚੌੜਾਈ ਨੂੰ ਪਰਿਭਾਸ਼ਿਤ ਕਰਦਾ ਹੈ ਜ਼ੀਰੋ ਮੁੱਲ ਨਾਲ ਕੋਈ ਬਾਰਡਰ ਨਹੀਂ ਲੱਗਦਾ ਅਤੇ ਡਿਫਾਲਟ ਮੁੱਲ 1 ਹੈ।

ਉਦਾਹਰਨ <Table Border="1">

**ALIGN:-** **(ਅਲਾਇਨ)** : Align ਐਟਰੀਬਿਊਟ ਵਿੰਡੋ ਬਰਾਊਜ਼ਰ ਵਿੱਚ Table ਦੇ ਅਲਾਈਨਮੈਂਟ ਨੂੰ ਪਰਿਭਾਸ਼ਿਤ ਕਰਦੀ ਹੈ। ਇਸ ਦੇ ਮੁੱਲ ਹੁੰਦੇ ਹਨ left, right and center।
ਇਸ ਲਈ ਉਦਾਹਰਨ ਇਸ ਪ੍ਰਕਾਰ ਹੈ :

<Table align="Right" Border="1">

**BORDERCOLOR: - ਇਹ ਬਾਰਡਰ ਦਾ ਰੰਗ ਦੱਸਦੀ ਹੈ।**
ਇਸ ਲਈ ਉਦਾਹਰਨ ਇਸ ਪ੍ਰਕਾਰ ਹੈ :

<Table BORDER=2 BORDERCOLOR="RED">

**WIDTH:**-ਵਿਡਥ Table ਦੀ ਚੌੜਾਈ ਨੂੰ ਪਰਿਭਾਸ਼ਿਤ ਕਰਦਾ ਹੈ। ਇਹ ਪਿਕਸਲ ਵਿੱਚ ਜਾਂ ਵੈਬ ਬਰਾਊਜ਼ਰ ਵਿੰਡੋਜ਼ ਦੇ ਅਨੁਪਾਤ ਵਿੱਚ ਦਰਸਾਇਆ ਜਾਂਦਾ ਹੈ।
ਇਸ ਲਈ ਉਦਾਹਰਨ ਇਸ ਪ੍ਰਕਾਰ ਹੈ :

<Table WIDTH="35 %">
It defines the 35% space of the browser.
<Table WIDTH=500>

ਇਹ ਬ੍ਰਾਊਜ਼ਰ ਦੇ 500 ਪਿਕਸਲ ਸਪੇਸ ਨੂੰ ਪਰਿਭਾਸ਼ਿਤ ਕਰਦਾ ਹੈ। ਆਉ ਉੱਪਰਲੇ ਸਾਰੇ ਟੈਗਾਂ ਨੂੰ ਚਿੱਤਰ 2.46 ਅਤੇ 2.47 ਵਿੱਚ ਦਿਖਾਏ ਗਏ ਇੱਕ ਉਦਾਹਰਨ ਦੇ ਨਾਲ ਸਮਝੀਏ।

```
<html>
 <head>
 <title>TABLES EXAMPLES</title>
 </head>
 <body>
<table border="2" bordercolor=red bgcolor="green"
 align="right" width =50%>
<tr>
    <th>Input Devices</th>
    <th>Output Devices</th>
    <th>Storage Devices</th>
</tr>
<tr>
    <td>Keyboard</td>
    <td>Monitor</td>
    <td>Hard Disk devices</td>
</tr>

<tr>
    <td>Mouse</td>
    <td>Printer</td>
    <td>Compact Disk </td>
</tr>
```


ਚਿੱਤਰ 2. 46

| Input Devices | Output Devices | Storage Devices |
|---|---|---|
| Keyboard | Monitor | Hard Disk devices |
| Mouse | Printer | Compact Disk |


ਚਿੱਤਰ 2. 47

**2.12.3 CELLSPACING** ਟੇਬਲ ਵਿੱਚ ਡਾਟਾ ਸੈਲਸ ਦੇ ਵਿਚਕਾਰ ਪਿਕਸਲ ਦੀ ਚੌੜਾਈ ਹੈ। ਇਸ ਦਾ(ਟੇਬਲ ਗਰਿੱਡ ਬਣਾਉਣ ਵਾਲੀਆਂ ਲਾਈਨਾਂ ਦੀ ਮੋਟਾਈ) ਡਿਫਾਲਟ ਮੁੱਲ ਜ਼ੀਰੋ ਹੈ। ਜੇਕਰ ਬਾਰਡਰ 0 ਤੇ ਸੈੱਟ ਹੈ, ਤਾਂ CELLSPACING ਲਾਈਨਾਂ ਨਹੀਂ ਦਿਖਣੀਆਂ। ਇਸ ਲਈ ਉਦਾਹਰਨ ਇਸ ਪ੍ਰਕਾਰ ਹੈ :

<Table Border="2" cellspacing=12> ਉਦਾਹਰਨ ਵਜੋ ਚਿੱਤਰ 2. 48 ਅਤੇ 2.49 ਵਿੱਚ ਕੋਡ ਅਤੇ ਆਉਟਪੁੱਟ ਦਿਖਾਇਆ ਗਿਆ ਹੈ।




ਚਿੱਤਰ 2. 48





ਚਿੱਤਰ 2. 49


**2.12.4 CELLPADDING** ਸੈਲ ਕੰਟੈਂਟ ਅਤੇ ਸੈੱਲ ਦੀ ਬਾਰਡਰ ਵਿਚਕਾਰ ਪਿਕਸਲ ਸਪੇਸ ਹੈ। ਇਸ ਦੀ ਮੂਲ ਡਿਫਾਲਟ ਵੈਲਿਯੂ ਵੀ ਜ਼ੀਰੋ ਹੈ। ਇਹ ਐਟਰੀਬਿਊਟ ਅਕਸਰ ਨਹੀ ਵਰਤੀ ਜਾਂਦੀ, ਜਦੋ ਤੁਸੀਂ ਆਪਣਾ ਬਾਰਡਰ ਲਾਗੂ ਕਰ ਦਿੰਦੇ ਹੋ ਅਤੇ ਤੁਸੀਂ ਚਾਹੁੰਦੇ ਹੋ ਕਿ Contents (ਸਮੱਗਰੀ) border ਤੋਂ ''ਦੂਰ'' ਵਿਖਾਈ ਦੇਵੇ ਤਾਂ ਇਸ ਦੀ ਵਰਤੋਂ ਕੀਤੀ ਜਾਂਦੀ ਹੈ, ਬਾਰਡਰ ਪ੍ਰਾਪਰਟੀ ਲਾਗੂ ਹੋਣ ਦੇ ਬਾਵਜੂਦ CELLPADDING ਵਿਖਾਈ ਨਹੀਂ ਦਿੰਦੀ।

ਇਸ ਲਈ ਉਦਾਹਰਨ ਇਸ ਪ੍ਰਕਾਰ ਹੈ :

<Table Border="3" cellpadding=10> ਇਹਨਾਂ ਨੂੰ ਹੇਠਾਂ ਦਿੱਤੇ ਤਰੀਕੇ ਨਾਲ HTML ਕੋਡ ਅਤੇ ਇਸ ਦੇ ਆਊਟਪੁੱਟ ਨਾਲ ਚਿੱਤਰ 2.50 ਅਤੇ 2.51 ਵਿੱਚ ਦਰਸਾਇਆ ਗਿਆ ਹੈ।




ਚਿੱਤਰ 2. 50




ਚਿੱਤਰ 2. 51

## 2.12.5 ਸੈੱਲਸਪੇਸਿੰਗ ਅਤੇ ਸੈਲਪਾਡਿੰਗ ਵਿੱਚ ਅੰਤਰ

| ਸੈਲ ਸਪੇਸਿੰਗ (Cellspacing) | ਸੈਲ ਪੈਡਿੰਗ (Cellpadding) |
|---|---|
| 1. ਸੈੱਲ ਸਪੇਸਿੰਗ ਟੇਬਲ ਟੈਗ ਦਾ ਐਟਰੀਬਿਊਟ ਹੈ। | 1.ਸੈੱਲ ਪੈਡਿੰਗ ਟੇਬਲ ਟੈਗ ਦਾ ਐਟਰੀਬਿਊਟ |
| 2. ਸੈੱਲਸਪੇਸਿੰਗ ਐਟਰੀਬਿਊਟ ਇੱਕ ਦਿੱਤੇ ਟੇਬਲ ਦੇ ਸੈੱਲਾਂ ਦੇ ਵਿਚਕਾਰ, ਪਿਕਸਲ ਵਿੱਚ ਸਪੇਸ ਨੂੰ ਦਰਸਾਉਂਦੀ ਹੈ। | 2. ਸੈਲਪੈਡਿੰਗ ਐਟਰੀਬਿਊਟ ਸੈਲ ਬਾਰਡਰ ਅਤੇ ਸੈੱਲ ਦੀ ਕੰਟੈਂਟਸ ਦੇ ਵਿਚਕਾਰ, ਪਿਕਸਲ ਵਿੱਚ, ਸਪੇਸ ਨੂੰ ਨਿਰਧਾਰਿਤ ਕਰਦੀ ਹੈ। |
| 3. Example:- <Table Border="2" cellspacing=12> | 3. Example:- <Table Border="3" cellpadding=10> |

**2.12.6 COLSPAN ਅਤੇ ROWSPAN :** ਟੇਬਲ ਦੇ ਸੈੱਲਜ਼ ਇੱਕ ਤੋ ਵੱਧ ਕਾਲਮ ਜਾਂ ਰੋਅਜ਼ ਵਿੱਚ ਫੈਲ ਸਕਦੇ ਹਨ। COLSPAN ਇੱਕ ਤੋ ਵੱਧ ਕਾਲਮ ਦੇ ਮੇਲ ਨੂੰ ਜੋੜਦੇ ਹਨ ਜਦਕਿ ROWSPAN ਦਰਸਾਉਦੇ ਹਨ ਕਿ ਕਿੰਨੀਆਂ ਕਤਾਰਾਂ ਨੂੰ ਇਕੱਠਾ ਕਰਨਾ ਹੈ।

ਇਸ ਲਈ ਉਦਾਹਰਨ ਇਸ ਪ੍ਰਕਾਰ ਹੈ :

<Table Border="1" colspan=2>
<Table Border="1" rowspan=2>

ਇਹਨਾਂ ਨੂੰ ਇੱਕ ਉਦਾਹਰਨ ਦੇ ਰੂਪ ਵਿੱਚ ਵਿਖਿਆਨ ਕੀਤਾ ਗਿਆ ਹੈ ਜਿਵੇਂ ਕਿ ਚਿੱਤਰ 2.41 ਅਤੇ 2.42 ਵਿੱਚ



```
<html>
 <head>
 <title>TABLES EXAMPLES</title>
 </head>
 <body>
<table border=1>


<tr>
    <th colspan=3 align=center>
hardware devices</th>
</tr>

<tr>
    <td>Input Devices</td>
    <td>Output Devices</td>
    <td>Storage Devices</td>
</tr>

<tr>
    <td rowspan=2>Keyboard</td>
    <td>Monitor</td>
    <td>Hard Disk devices</td>
</tr>

<tr>
     <td>Printer</td>
    <td>Compact Disk </td>
</tr>
</table>
  </body>
 </html>
```

ਚਿੱਤਰ 2.52




ਚਿੱਤਰ 2.53

## 2.12.7 ਕੋਲਸਪੈਨ ਅਤੇ ਰੋਅਸਪੈਨ ਵਿਚਕਾਰ ਅੰਤਰ :


| COLSPAN | ROWSPAN |
|---|---|
| 1. ਕਈ ਵਾਰੀ ਸਾਨੂੰ ਕਈ ਕਾਲਮ ਇਕੱਠੇ ਕਰਨ ਦੀ ਜ਼ਰੂਰਤ ਪੈਂਦੀ ਹੈ। ਇਹ ਇੱਕ ਹੈਡਰ ਸੈੱਲ ਲਈ ਵਰਤਿਆ ਜਾ ਸਕਦਾ ਹੈ ਇਹ ਕਈ ਐਟਰੀਆਂ ਦੇ ਕਾਲਮਾਂ ਦੇ ਸਮੂਹ ਦੇ ਟਾਈਟਲ ਦੇਣ ਲਈ ਵਰਤਿਆ ਜਾਂਦਾ ਹੈ। | 1 ਕਈ ਵਾਰ ਸਾਨੂੰ ਰੋਅਜ਼ ਇਕੱਠੀਆਂ ਕਰਨ ਦੀ ਜ਼ਰੂਰਤ ਪੈਂਦੀ ਹੈ। ਇਹ ਕਿਸੇ ਸਾਈਡ-ਬਾਰ ਲਈ ਵਰਤਿਆ ਜਾ ਸਕਦਾ ਹੈ ਜੋ ਕਿ ਕਤਾਰਾਂ ਦੀਆਂ ਐਟਰੀਆਂ ਦਾ ਸਮੂਹ ਹੈ। |
| 2. ਇਹ ਸਾਨੂੰ ਇੱਕ ਟੇਬਲ ਦੇ ਇੱਕ ਸੈੱਲ ਦੀ ਚੌੜਾਈ ਨੂੰ ਇੱਕ ਤੋ ਵੱਧ ਸੈੱਲਾਂ ਜਾਂ ਕਾਲਮਾਂ ਤੱਕ ਵਧਾਉਣ ਦੀ ਆਗਿਆ ਦਿੰਦਾ ਹੈ। | 2. ਇਹ ਸਾਨੂੰ ਇੱਕ ਟੇਬਲਜ਼ ਦੇ ਇੱਕ ਰੋਅਜ਼ ਦੀ ਉਚਾਈ ਨੂੰ ਇੱਕ ਤੋਂ ਵੱਧ ਸੈੱਲ ਜਾਂ ਰੋਅ ਤੱਕ ਵਧਾਉਣ ਦੀ ਆਗਿਆ ਦਿੰਦਾ ਹੈ। |
| 3. COLSPAN ਐਟਰੀਬਿਊਟ ਦੀ ਵਰਤੋਂ <th> ਅਤੇ <td> ਟੈਗ ਵਿਚਕਾਰ ਕੀਤੀ ਜਾਂਦੀ ਹੈ।। | 3. ROWSPAN ਦੋ ਟੇਬਲ-ਸੈੱਲ ਐਲੀਮੈਂਟ ਦੇ ਐਟਰੀਬਿਊਟਸ ਹਨ, ਜਿਵੇਂ ਕਿ <th> ਅਤੇ <td> ਟੈਗ। |
| 4. ਇਹ ਐਕਸਲ ਵਰਗੇ ਸਪਰੈਡਸ਼ੀਟ ਪ੍ਰੋਗਰਾਮਾਂ ਵਿੱਚ "ਮਰਜ ਸੈਲ" ਵਰਗੀ ਕਿਰਿਆ ਪ੍ਰਦਾਨ ਕਰਦਾ ਹੈ। | 4. ਇਹ ਐਕਸਲ ਵਰਗੇ ਸਪਰੈਡਸ਼ੀਟ ਪ੍ਰੋਗਰਾਮਾਂ ਵਿੱਚ "ਮਰਜ ਸੈੱਲ" ਵਰਗੀ ਇੱਕੋ ਜਿਹੀ ਕਿਰਿਆ ਪਰਦਾਨ ਕਰਦਾ ਹੈ। |
| 5. Example:- <th colspan="2"> | 5. Example:- <th rowspan="2"> |

## 2.12.8 ਟੇਬਲ ਦੀ ਬੈਕਗਰਾਊਂਡ (Background):-

ਬੈਕਗ੍ਰਾਊਂਡ ਐਟਰੀਬਿਊਟ ਦੀ ਵਰਤੋਂ Table ਦੀ ਬੈਕਗਰਾਊਂਡ ਸੈਟ ਕਰਨ ਲਈ ਕੀਤੀ ਜਾਂਦੀ ਹੈ। ਇਸ ਲਈ ਉਦਾਹਰਨ ਇਸ ਪ੍ਰਕਾਰ ਹੈ :

<table background="up.jpeg" border=2>


ਇਹਨਾਂ ਨੂੰ ਇੱਕ ਉਦਾਹਰਨ ਦੇ ਰੂਪ ਵਿੱਚ ਵਿਖਾਇਆ ਕੀਤਾ ਗਿਆ ਹੈ ਜੋਕਿ ਚਿੱਤਰ 2.54 ਅਤੇ 2.55 ਵਿੱਚ HTML ਕੋਡ ਅਤੇ ਆਊਟਪੁੱਟ ਨਾਲ ਵੇਖਿਆ ਜਾ ਸਕਦਾ ਹੈ।



```
<html>
 <head>
 <title>TABLES EXAMPLES</title>
 </head>
 <body>
<table background="bgsky.jpeg" border=1>
<tr>
    <th>Input Devices</th>
    <th>Output Devices</th>
    <th>Storage Devices</th>
</tr>
<tr>
    <td>Keyboard</td>
    <td>Monitor</td>
    <td>Hard Disk devices</td>
</tr>

<tr>
    <td>Mouse</td>
    <td>Printer</td>
    <td>Compact Disk </td>
</tr>
</table>
  </body>
 </html>
```

ਚਿੱਤਰ 2. 54




| Input Devices | Output Devices | Storage Devices |
|---|---|---|
| Keyboard | Monitor | Hard Disk devices |
| Mouse | Printer | Compact Disk |

ਚਿੱਤਰ 2. 55

BGCOLOR (ਬੀਜੀਕਲਰ) : ਦੀ ਵਰਤੋਂ ਟੇਬਲ ਦੇ (Background) ਨੂੰ ਸੈੱਟ ਕਰਨ ਲਈ ਕੀਤੀ ਜਾਂਦੀ ਹੈ। ਇਸ ਐਟਰੀਬਿਊਟ ਲਈ ਵਰਤੇ ਗਏ ਉਦਾਹਰਨਣ ਇਸ ਤਰਾਂ ਹਨ :-


<table bgcolor="yellow" border=2> ਇਸ ਨੂੰ ਉਦਾਹਰਨ ਦੇ ਨਾਲ ਹੇਠਾਂ ਵਿਆਖਿਆ ਕੀਤੀ ਗਈ ਹੈ। (ਚਿੱਤਰ 2.56 ਅਤੇ 2.57)



```
<html>
 <head>
 <title>TABLES EXAMPLES</title>
 </head>
 <body>
<table bgcolor="yellow" border=2>
<tr>
    <th>Input Devices</th>
    <th>Output Devices</th>
    <th>Storage Devices</th>
</tr>
<tr>
    <td>Keyboard</td>
    <td>Monitor</td>
    <td>Hard Disk devices</td>
</tr>

<tr>
    <td>Mouse</td>
    <td>Printer</td>
    <td>Compact Disk </td>
</tr>
</table>
  </body>
 </html>
```

ਚਿੱਤਰ 2. 56



| Input Devices | Output Devices | Storage Devices |
|---|---|---|
| Keyboard | Monitor | Hard Disk devices |
| Mouse | Printer | Compact Disk |

ਚਿੱਤਰ 2. 57

## ਯਾਦ ਰੱਖਣ ਯੋਗ ਗੱਲਾਂ

1. **HTML** ਇੱਕ ਹਾਇਪਰ ਟੈਕਸਟ ਮਾਰਕਅਪ ਲੈਂਗੂਏਜ਼ ਹੈ ਜੋ ਵੈਬ ਪੇਜ ਡਿਜ਼ਾਇਨ ਕਰਨ ਲਈ ਵਰਤੀ ਜਾਂਦੀ ਹੈ।
2. **HTML** ਕੋਡ ਟੈਗ ਵਿੱਚ ਪ੍ਰਭਾਸ਼ਿਤ ਕੀਤੇ ਜਾਂਦੇ ਹਨ।
3. Element code ਦੋ ਤਰ੍ਹਾਂ ਦੇ ਹੁੰਦੇ ਹਨ:- ਕੰਨਟੇਨਰ ਟੈਗ, ਐਮਪਟੀ ਟੈਗ।
4. ਕੰਨਟੇਨਰ ਦੋ ਤਰ੍ਹਾਂ ਦੇ ਹੁੰਦੇ ਹਨ:- **Opening tag** ਅਤੇ **closing tag** ਜਦੋਂ ਕਿ **empty tag** ਵਿੱਚ ਸਿਰਫ ਇੱਕ **single tag** ਹੁੰਦਾ ਹੈ।
5. ਵੈਬ ਬਰਾਉਜ਼ਰ **HTML** ਪ੍ਰੋਗਰਾਮ ਦੀ output ਦੇਖਣ ਲਈ ਵਰਤਿਆ ਜਾਂਦਾ ਹੈ, ਜਿਵੇਂ ਕਿ ਗੂਗਲ ਕ੍ਰੋਮ, ਇੰਟਰਨੈੱਟ ਐਕਸਪਲੋਰਰ, ਫਾਇਰਫੋਕਸ, ਔਪੇਰਾ।
6. ਹੈਡਿੰਗ ਟੈਗ **<H1>** ਤੋਂ **<H6>** ਟੈਗ ਨਾਲ ਡਿਫਾਇਨ ਕੀਤੇ ਜਾਂਦੇ ਹਨ।
7. ਯੂਜ਼ਰ ਆਪਣੇ ਟੈਕਸਟ ਨੂੰ ਕਈ ਤਰ੍ਹਾਂ ਦੇ ਟੈਗ ਦੀ ਵਰਤੋਂ ਕਰਕੇ ਫੋਰਮੈਟ ਕਰ ਸਕਦਾ ਹੈ। ਜਿਵੇਂ ਕਿ **B>, <U>, <I>** ਆਦਿ।
8. **.HTML** ਜਾਂ **.HTM, html** ਪ੍ਰੋਗਰਾਮ ਦੀ **extension** ਹੈ।
9. ਹਰ ਟੈਗ ਦੇ ਕੁੱਝ **attributes** ਹਨ ਜੋ ਕਿ ਟੈਗ ਦੀਆਂ **Properties** ਨੂੰ ਡਿਫਾਇਨ ਕਰਦੇ ਹਨ|
10. ਟੈਗ ਦੀਆਂ ਤਿੰਨ ਤਰ੍ਹਾਂ ਦੀਆਂ ਕਿਸਮਾਂ ਹੁੰਦੀਆਂ ਹਨ:- **ordered, unordered** ਅਤੇ **definition lists.**|
11. **Nested lists** ਨੂੰ ਲਿਸਟ ਦੇ ਅੰਦਰ ਲਿਸਟ ਪਾਉਣ ਲਈ ਵਰਤਿਆ ਜਾਂਦਾ ਹੈ।
12. ਯੂਜ਼ਰ, ਲਿੰਕਿੰਗ ਦੀ ਵਰਤੋਂ ਕਰਕੇ ਕਈ ਤਰ੍ਹਾਂ ਦੇ ਵੈਬਪੇਜ **connect** ਕਰ ਸਕਦੇ ਹਨ।
13. ਪੇਜਾਂ ਦੀ ਲਿਕਿੰਗ ਕਰਨ ਲਈ ਐਂਕਰ **<A>** ਟੈਗ ਦੀ ਵਰਤੋਂ ਕੀਤੀ ਜਾਂਦੀ ਹੈ।
14. **Information** ਨੂੰ **tabular form** ਵਿੱਚ ਡਿਫਾਇਨ ਕਰਨ ਲਈ **<table>** ਟੈਗ ਦੀ ਵਰਤੋਂ ਕੀਤੀ ਜਾਂਦੀ ਹੈ।
15. ਵੈਬ ਪੇਜਾਂ ਦੀਆਂ images ਲਈ **<IMG>** ਟੈਗ ਦੀ ਵਰਤੋਂ ਕੀਤੀ ਜਾਂਦੀ ਹੈ|

## ਅਭਿਆਸ

### 1. ਬਹੁ ਚੋਣਵੇਂ ਪ੍ਰਸ਼ਨ:

**1.** ਕਿਸੇ ਵੀ HTML ਦਸਤਾਵੇਜ਼ ਵਿੱਚ ਪਹਿਲਾ ਟੈਗ ਕੀ ਹੋਣਾ ਚਾਹੀਦਾ ਹੈ ?

a. <head>    b. <title>
c. <html>    d. <document>

**2.** ਛੋਟੇ ਸਾਈਜ਼ ਦੇ ਹੈਡਿੰਗ ਲਈ ਸਹੀ HTML ਟੈਗ ਚੁਣੋ?

a. <heading>    b. <h6>
c. <h1>    d. <head>

**3.** ਲਾਈਨ ਬ੍ਰੇਕ ਪਾਉਣ ਲਈ ਸਹੀ HTML ਟੈਗ ਕੀ ਹੈ?

a. <br>    b. <lb>
c. <break>    d. <newline>

**4.** ਇਹਨਾਂ ਵਿੱਚੋ ਕਿਹੜਾ ਕੰਨਟੇਨਰ ਟੈਗ ਨਹੀਂ ਹੈ?

a. <p>    b. < u >
c. <I>    d. <img>

**5.** ਕੁਝ ਟੈਗ ਟੈਕਸ ਨੂੰ ਦੋਨੋ ਪਾਸੋ ਦਰਸਾਉਂਦੇ ਹਨ ਉਹਨਾਂ ਨੂੰ ਕੀ ਕਿਹਾ ਜਾਂਦਾ ਹੈ।

a. Couple tags    b. Single tags
c. Double tags    d. Pair tags

**6.** Marquee HTML ਵਿੱਚ ਇੱਕ ਟੈਗ ਹੈ

a. mark the list of items to maintaininqueue

b. Mark the text so that it is hidden inbrowser
c. Display text with scrolling effect
d. None of above

**7. HTML** ਸਮਰਥਨ ਕਰਦਾ ਹੈ
a. ordered lists
b. unordered lists
c. both type of lists
d. does not support those types

8. ਜੇ ਚਿੱਤਰ ਬ੍ਰਾਊਜ਼ਰ ਵਿਚ ਲੋਡ ਨਹੀਂ ਕਰ ਸਕਦਾ ਤਾਂ ਟੈਕਸਟ ਨੂੰ ਪ੍ਰਦਰਸ਼ਿਤ ਕਰਨ ਲਈ img ਟੈਗ ਨਾਲ ਕਿਹੜਾ ਗੁਣ ਵਰਤਿਆ ਜਾਂਦਾ ਹੈ?
a. description b. name
c. alt d. id

9. ਇੱਕ ਵੈਬਪੇਜ ਤਸਵੀਰ ਦਿਖਾਉਂਦਾ ਹੈ. ਇਸ ਤਸਵੀਰ ਨੂੰ ਪ੍ਰਦਰਸ਼ਿਤ ਕਰਨ ਲਈ ਕਿਹੜਾ ਟੈਗ ਵਰਤਿਆ ਗਿਆ ਸੀ?
a. picture b.mage
c.img d. src

10. ਕਿਹੜਾ ਟੈਗ ਤੁਹਾਡੇ ਵੈੱਬ ਪੇਜ਼ 'ਤੇ horizontally ਲਾਈਨ ਬਣਾਉਂਦਾ ਹੈ?
a. <hr>
b. <line>
c. <line direction="horizontal">
d. <tr>

11.ਕਿਹੜਾ ਟੈਗ ਤੁਹਾਨੂੰ ਇੱਕ ਸਾਰਣੀ ਵਿੱਚ ਇੱਕ ਕਤਾਰ ਸ਼ਾਮਲ ਕਰਨ ਦੀ ਇਜਾਜ਼ਤ ਦਿੰਦਾ ਹੈ?
a. <td> and </td> b.<cr>and</cr>
c. <th> and </th> d. <tr> and </tr>

12. HTML ਦਾ ਪੂਰਾ ਰੂਪ ਕੀ ਹੈ?
a. Hyper text markup language
b. Hyphenation text markup language
c. Hyphenation test marking language
d. Hyper text marking language

13.FTP ਪ੍ਰੋਗਰਾਮ ਕਿਸ ਕੰਮ ਲਈ ਵਰਤਿਆ ਜਾਦਾ ਹੈ?
a. ਸਰਵਰ ਤੋ ਫਾਈਲਾ ਟ੍ਰਾਸਫਰ ਕਰਨ ਲਈ.
b. ਵੈੱਬਸਾਈਟ ਨੂੰ ਬਣਾਉਣ ਲਈ
c. ਇੰਟਰਨੈੱਟ ਨਾਲ ਕੰਨੈਕਟ ਕਰਨ ਲਈ
d. ਉਪਰੋਕਤ ਵਿੱਚੋ ਕੋਈ ਨਹੀ

14.ਕਿਹੜਾ ਟੈਗ ਪਾਵਰ ਨੂੰ ਦਰਸਾਉਣ ਲਈ ਵਰਤਿਆ ਜਾਵੇਗਾ $(A+B)^2$ ?
a. <SUP> b. <SUB>
c. <B> d. <P>

**15. HTML ਵਿੱਚ ਡਿਜਾਇਨ ਕੀਤੇ ਪੇਜ ਨੂੰ ਕਹਿੰਦੇ ਹਨ।**
a. Yellow Page b. Web Page
c. Server Page d. Front Page

**16.** HTML ਦਸਤਾਵੇਜ਼ ਨੂੰ ਸੇਵ ਕਰਨ ਲਈ --- ਐਕਸਟੈਂਸ਼ਨ ਵਰਤੀ ਜਾਂਦੀ ਹੈ।
a. .htl b. .html
c. .hml d. .htnl

17.HTML ਟੈਗਜ਼ ----- ਬਰੈਕਟਾਂ ਦੇ ਵਿੱਚ ਵਰਤੇ ਜਾਂਦੇ ਹਨ।
a. Angle b. Square
c. Round d. Curly

18 ................ ਵੈਬ ਪੇਜ ਨੂੰ ਆਪਸ ਵਿੱਚ ਜੋੜ ਦਾ ਹੈ।
a. Connector b. Link
c. Hyperlink d. None of the above

19. ਇਹਨਾ ਵਿੱਚੋ ਕਿਹੜਾ ਸੈਕਸਨ ਵਰਤ ਕੇ ਟੈਕਸਟ ਅਤੇ ਟੈਗਜ਼ ਸਿੱਧੇ ਵਿਖਾਏ ਜਾਦੇ ਹਨ।
a. Head b. Body.
c. Title. d. Html

20. ਇਹਨਾਂ ਵਿੱਚੋ ਕਿਹੜੀ ਚੀਜ਼ ਬਰਾਊਜਰ ਅਤੇ ਸਰਚ ਇੰਜਣਾਂ ਦੁਆਰਾ ਸਟੋਰ ਕਰਕੇ ਵਰਤੀ ਜਾਦੀ ਹੈ?
a. Cookies. b. Metatages.
c. Form. d. Frame.

21. <HR> ਟੈਗ ਲੇਟਵੀਂ ਕਤਾਰ ਬਣਾਉਣ ਲਈ ਵਰਤਿਆ ਜਾਂਦਾ ਹੈ। ਉਸ ਦੇ ਐਟਰੀਬੀਊਟਸ ਹੇਠ ਲਿਖੇ ਅਨੁਸਾਰ ਹਨ।
- Size.
- Width.
- Align .
- All of th Above.

22. <Table>ਵਿੱਚ ਹੋਰ ਵਰਤੇ ਜਾਦੇ ਟੈਗਜ਼ ਹੇਠ ਲਿਖੇ ਅਨੁਸਾਰ ਹਨ
a. <TR>. b. <TD>.
c. <TH> d. All of the above.

**2 ਖਾਲੀ ਥਾਵਾਂ : -**

1. HTML ਦਾ ਪੂਰਾ ਨਾਮ ______________ਹੈ।
2. ____________ ਸਾਫਟਵੇਅਰ ਨੂੰ ਇੱਕ ਵੈੱਬਪੇਜ

ਤੇ ਪਹੁੰਚ ਕਰਨ ਲਈ ਵਰਤਿਆ ਜਾਂਦਾ ਹੈ

3. ਐਚ. ਟੀ. ਐਮ. ਐਲ . ਦੇ ਤੱਤ ਦੋ ਕਿਸਮਾਂ ______ ਅਤੇ _______ਹਨ।

4. ਇਕ unorganised list ਦਰਸਾਉਣ ਲਈ _____________ਸੂਚੀ ਵਰਤੀ ਜਾਂਦੀ ਹੈ?

5. ____________Tag ਨੂੰ ਇੱਕ ਸੂਚੀ ਦੇ element ਪਰਿਭਾਸਿਤ ਕਰਨ ਲਈ ਵਰਤਿਆ ਜਾਂਦਾ ਹੈ।

6. ____________attribute ਨੂੰ ਦਿੱਤੀ List ਵਿੱਚ Background ਦੇ Image ਨੂੰ ਸੈਟ ਕਰਨ ਲਈ ਵਰਤਿਆ ਜਾਂਦਾ ਹੈ।

7. ALT ਦਾ ਮਤਲਬ ਹੈ________________।

8. _________ table ਵਿੱਚ ਵਿਅਕਤੀਗਤ ਡਾਟਾ ਸੈਲਸ ਦੇ ਵਿਚਕਾਰ ਪਿਕਸਲ ਦੀ ਚੌੜਾਈ ਹੈ।

9. ____________ HTML ਦਸਤਾਵੇਜ਼ ਦਾ ਮੁੱਖ ਹਿੱਸਾ ਹੈ ਜਿਸ ਵਿੱਚ ਵੈੱਬਪੇਜ ਦੇ ਬਾਰੇ ਸਾਰੀ ਜਾਣਕਾਰੀ ਮੌਜੂਦ ਹੈ।

10. __________ ਵਿੱਚ Title ਸ਼ਾਮਲ ਹੁੰਦੇ ਹਨ ਜੋ ਕਿ HTML ਦਸਤਾਵੇਜ਼ ਦੇ Heading ਦੀ ਪਛਾਣ ਕਰਦਾ ਹੈ।

### 3 ਸਹੀ ਗਲਤ:-

1. HTML ਇੱਕ Structured ਭਾਸ਼ਾ ਹੈ।
2. ਟੇਬਲ ਸਿਰਲੇਖ <TH> ਟੈਗ ਨਾਲ ਸ਼ੁਰੂ ਹੁੰਦਾ ਹੈ ਅਤੇ </TH> ਟੈਗ ਨਾਲ ਖਤਮ ਹੁੰਦਾ ਹੈ।
3. ਅਲਾਈਨ ਟੈਗ ਵੈੱਬਪੇਜ ਦੀਆਂ ਹੋਰ ਕੰਨਟੈਂਟ ਦੇ ਮੁਕਾਬਲੇ ਅਟੈਚ ਇਮੇਜਾਂ ਦੀ ਅਲਾਈਨਮੈਂਟ ਨਹੀਂ ਕਰਦਾ।
4. ਸੇਲਪੈਡਡਿੰਗ ਸੈਲ ਸੰਖੇਪਾਂ ਅਤੇ ਸੈੱਲ ਦੀ ਸਰਹੱਦ ਵਿਚਕਾਰ ਪਿਕਸਲ ਸਪੇਸ ਹੈ।
5. ਪਰਿਭਾਸ਼ਾ ਸੂਚੀ ਵਿੱਚ ਆਮ ਤੌਰ ਤੇ ਵੱਖ-ਵੱਖ ਨਿਯਮ ਅਤੇ ਉਹਨਾਂ ਦੇ ਅਰਥ ਦੇ ਪਰਿਭਾਸ਼ਾ ਸ਼ਾਮਲ ਹੁੰਦੇ ਹਨ।

### 4 11. ਪੂਰਾ ਰੂਪ

1.HTML 2. <B> 3.<I> 4.<U> 5.<OL> 6.<UL> 7. <P> 8. <BR>

9. SRC 10.<IMG> 11. <TR> 12.<TH> 13<TD> 14. LI

15. URL.

### 5 ਬਹੁਤ ਛੋਟੇ ਪ੍ਰਸ਼ਨ ਉੱਤਰ

1. HTML ਕਿਸ ਨੇ ਡਿਜਾਇਨ ਕੀਤੀ?)
2. ਉਸ ਟੈਗ ਦਾ ਨਾਮ ਦਸੋ ਜੋ ਸ਼ੁਰੂ ਅਤੇ ਅੰਤ ਵਿੱਚ ਵਰਤ ਜਾਂਦੇ ਹਨ?
3. ਉਸ ਟੈਗ ਦਾ ਨਾਮ ਦਸੋ ਜਿਸ ਵਿੱਚ ਸਾਰੇ ਵੈਬਪੇਜ ਦੀ ਸੂਚਨਾ ਸਟੋਰ ਹੁੰਦੀ ਹੈ?
4. HTML ਦਸਤਾਵੇਜ਼ ਨੂੰ ਸੇਵ ਕਰਨ ਲਈ -- ਐਕਸਟੈਂਸ਼ ਨਵਰਤੀ ਜਾਂਦੀ ਹੈ।
5. ਉਸ ਟੈਗ ਦਾ ਨਾਮ ਦਸੋ ਜੋ ਕਿ ਐਪਟੀ ਟੈਗ ਹੈ ਅਤੇ ਇੱਕ ਲਾਈਨ ਨੂੰ ਤੋੜਨ ਲਈ ਵਰਤਿਆ ਜਾਂਦਾ ਹੈ?
6. ਇੱਕ ਵੈਬਪੇਜ਼ ਵਿੱਚ ਇਮੇਜ ਲਗਾਉਣ ਲਈ ਟੈਗ ਵਰਤਿਆ ਜਾਂਦਾਹੈ?

   ( <image SRC=""FILENAME">)

### 6 ਬਹੁਤ ਛੋਟੇ ਪ੍ਰਸ਼ਨ ਉੱਤਰ

1. HTML ਕੀ ਹੈ?
2. ਵੈੱਬ ਬਰਾਊਜ਼ਰ ਦੀ ਵਿਆਖਿਆ ਕਰੋ?
3. <head> ਅਤੇ <title>tag ਨੂੰ ਸਮਝਾਓ.
4. <body> ਟੈਗ ਦਾ ਉਦੇਸ਼ ਕੀ ਹੈ?
5. ਇੱਕ ਟੈਗ ਕੀ ਹੈ?
6. HTML ਵਿੱਚ ਵਰਤੀਆਂ ਜਾਣ ਵਾਲੀਆਂ ਵੱਖ-ਵੱਖ ਕਿਸਮਾਂ ਦੀਆਂ ਸੂਚੀਆਂ ਕੀ ਹਨ?
7. <img> ਟੈਗ ਕੀ ਹੈ ਸਮਝਾਓ।
8. ਇਕ table ਬਣਾਉਣ ਲਈ ਕਿਹੜੇ ਵੱਖੋ-ਵੱਖਰੇ ਟੈਗ ਵਰਤੇ ਜਾਂਦੇ ਹਨ।
9. Nested Lists ਨੂੰ ਵਿਰਨਣ ਕਰੋ।।
10. ਫੋਟ ਟੈਗ ਨੂੰ ਐਟਰੀਬਿਊਟ ਸਹਿਤ ਵਰਨਣ ਕਰੋ।

### 7 ਵਿਚਕਾਰ ਅੰਤਰ: -

1. ਆਰਡਰ ਅਤੇ ਅਨਆਰਡਰਡ ਲਿਸਟ
2. ਬੈਕਗ੍ਰਾਉਂਡ ਅਤੇ ਬੀਜੀਕਲਰ।
3. ਕੰਟੇਨਰ ਅਤੇ ਐਪਟੀ ਟੈਗਸ।
4. ਕੋਲਸਪੈਨ ਅਤੇ ਰੋਸਪੈਨ।

5. ਸੈੱਲ ਸਪੇਸਿੰਗ ਅਤੇ ਸੈਲ ਪੈਡਿੰਗ।
6. ਟੈਗ ਅਤੇ ਐਟਰੀਬਿਊਟ
7. <P> ਅਤੇ <BR> ਟੈਗ

**8. ਵੱਡੇ ਉਤਰਾਂ ਵਾਲੇ ਪ੍ਰਸ਼ਨ:-**

1. HTML ਦੇ ਬੁਨਿਆਦੀ ਢਾਂਚੇ ਦਾ ਵੇਰਵੇ ਸਹਿਤ ਵਰਨਣ ਕਰੋ।
2. ਅਸੀਂ ਇਕ ਸਧਾਰਨ ਵੈੱਬਪੇਜ ਕਿਵੇਂ ਬਣਾ ਸਕਦੇ ਹਾਂ. ਵੇਰਵੇ ਸਹਿਤ ਵਿਆਖਿਆ।
3. Table ਵਿੱਚ ਵਰਤੇ ਗਏ ਵੱਖ-ਵੱਖ ਟੈਗਸ ਕੀ ਹਨ. ਇੱਕ ਉਦਾਹਰਨ ਦੇ ਨਾਲ ਵਿਆਖਿਆ ਕਰੋ।
4. ਇੱਕ ਉਦਾਹਰਨ ਦੇ ਨਾਲ Ordered List ਸਮਝਾਓ।
5. ਇੱਕ ਉਦਾਹਰਨ ਦੇ ਨਾਲ definition List ਦੀ ਸੂਚੀ ਪ੍ਰਭਾਸ਼ਿਤ ਕਰੋ।
6. ਇੱਕ HTML ਪ੍ਰੋਗਰਾਮ ਵਿੱਚ ਇੱਕ ਇਮੇਜ਼ ਨੂੰ ਇਨਸਰਟ ਕਰਨ ਦੇ ਵੱਖ ਵੱਖ ਤਰੀਕੇ ਕਿਹੜੇ ਹਨ?
7. ਅਸੀਂ ਕਿਸੇ ਵੈਬਪੇਜ਼ ਦੀ ਬੈਕਗ੍ਰਾਉਂਡ ਕਿਵੇਂ ਬਦਲ ਸਕਦੇ ਹਾਂ।
8. Nesting List ਉਦਾਹਰਨ ਸਹਿਤ ਸਮਝਾਓ।

## ਉੱਤਰਮਾਲਾ

| Questions | Multiple Choice | Fill in the Blanks | True or False | Full Form | Very Short Answer |
|---|---|---|---|---|---|
| 1 | c | Hypertext Markup Language | TRUE | Hypertext markup language | Tim Berners-Lee |
| 2 | b | Web browser | TRUE | Bold | Container Tag |
| 3 | a | Container and Empty Tag | FALSE | Italic | Body tag |
| 4 | d | Unordered List | TRUE | Underline | <br> |
| 5 | d | <LI> | TRUE | Ordered list | Bulleted Lists |
| 6 | c | Background | - | Unordered list | Image SRC="filename"> |
| 7 | c | Alternate | - | Paragraph | - |
| 8 | c | Cell spacing | - | Break | - |
| 9 | c | <Body> | - | Source | - |
| 10 | a | heading | - | Image | - |
| 11 | d | | | Table row | |
| 12 | a | | | Table heading | |
| 13 | a | | | Table data | |
| 14 | a | | | List item | |
| 15 | b | | | Uniform resource locator | |
| 16 | b | | | | |
| 17 | a | | | | |
| 18 | c | | | | |
| 19 | b | | | | |
| 20 | a | | | | |
| 21 | d | | | | |
| 22 | d | | | | |

ਅਧਿਆਇ
3

# HTML- II




## ਪਾਠ ਦੇ ਉਦੇਸ਼

**ਜਾਣ-ਪਛਾਣ**

**3.1** ਹਾਈਪਰਲਿੰਕ

**3.2** ਫਾਰਮ

**3.3** ਬਟਨ

**3.4** ਫਰੇਮਜ਼

**3.5** HTML ਵਿੱਚ ਮਲਟੀਮੀਡੀਆ

**3.6** CSS

### ਜਾਣ-ਪਛਾਣ (Introduction) :

ਪਿੱਛਲੇ ਅਧਿਆਇ ਵਿੱਚ ਅਸੀਂ ਪਹਿਲਾਂ ਹੀ ਐਚ.ਟੀ.ਐਮ. ਐਲ. ਦੇ ਵੱਖ-ਵੱਖ ਪਹਿਲੂਆਂ ਤੇ ਚਰਚਾ ਕੀਤੀ ਹੈ ਜਿਵੇ ਕਿ ਇਕ ਸਧਾਰਨ ਵੈਬਪੇਜ਼,ਲਿਸਟਾਂ, ਟੇਬਲ ਚਿੱਤਰ ਆਦਿ ਨੂੰ ਕਿਵੇਂ ਬਣਾਇਆ ਜਾਂਦਾ ਹੈ। ਹੁਣ ਅਸੀਂ ਇਸ ਅਧਿਆਇ ਵਿੱਚ Marquee, ਹਾਈਪਰਲਿੰਕ, HTML ਵੈਬ ਪੇਜ਼ ਤੇ ਬਾਹਰੀ ਆਡੀਓ ਅਤੇ ਵੀਡੀਓ ਨੂੰ ਜੋੜਨ ਸੰਬੰਧੀ ਚਰਚਾ ਕਰਾਂਗੇ।

### 3.1 ਹਾਈਪਰਲਿੰਕਿੰਗ (Hyperlinking):

ਲਿੰਕ ਕਰਨਾ HTML ਦੀ ਮਹੱਤਵਪੂਰਨ ਵਿਸ਼ੇਸ਼ਤਾ ਹੈ।ਇਸ ਵਿਸ਼ੇਸ਼ਤਾ ਦੇ ਨਾਲ ਅਸੀ ਕਿਸੇ ਹੋਰ ਦਸਤਾਵੇਜ਼ ਨਾਲ ਟੈਕਸਟ ਜਾਂ ਚਿੱਤਰ ਨੂੰ ਜੋੜ ਸਕਦੇ ਹਾਂ। ਲਿੰਕ ਨੂੰ ਹਾਈਪਰ ਟੈਕਸਟ ਲਿੰਕ ਜਾਂ ਹਾਈਪਰਲਿੰਕ ਵੀ ਕਿਹਾ ਜਾਂਦਾ ਹੈ। ਬਰਾਊਜ਼ਰ ਨੀਲੇ ਰੰਗ ਵਿੱਚ ਹਾਈਪਰਲਿੰਕ ਨੂੰ ਦਰਸਾਉਂਦਾ ਹੈ ਅਤੇ ਇਸ ਦੇ ਹੇਠਾਂ ਰੇਖਾ ਖਿੱਚਦਾ ਹੈ। ਲਿੰਕਿੰਗ ਦਾ ਮਤਲਬ ਹੈ ਕਿ ਇੱਕ-ਦੂਜੇ ਪੰਨੇ ਨਾਲ ਮਲਟੀਪਲ ਵੈਬ ਪੇਜ਼ਾਂ ਨੂੰ ਜੋੜਨਾ। ਹਰੇਕ ਵੈੱਬਸਾਈਟ ਕੋਲ ਵੱਖਰੀ ਜਾਣਕਾਰੀ ਨਾਲ ਜੁੜੇ ਕਈ ਵੈੱਬ-ਪੇਜ਼ ਹੁੰਦੇ ਹਨ। HTML ਲਿੰਕਿੰਗ ਨੂੰ HYPERLINK ਨਾਲ ਪਰਿਭਾਸ਼ਿਤ ਕੀਤਾ ਗਿਆ ਹੈ। ਇਹ ਵੈਬਸਾਈਟ ਦੇ ਵੱਖ-ਵੱਖ ਵੈੱਬ ਪੇਜ਼ਾਂ ਵਿਚਕਾਰ ਲਿੰਕਿਗ ਕਰਦਾ ਹੈ। ਅਸਲ ਵਿੱਚ ਲਿੰਕ ਨੂੰ ਦੋ ਹਿੱਸਿਆਂ ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ, ਜਿਵੇਂ ਕਿ ਅੰਦਰੂਨੀ (Internal) ਲਿੰਕ (ਜੋ ਉਸੇ ਵੈੱਬਸਾਈਟ ਨਾਲ ਪਰਿਭਾਸ਼ਿਤ ਕੀਤੇ ਜਾਂਦੇ ਹਨ) ਅਤੇ ਬਾਹਰੀ(External) ਲਿੰਕ (ਉਹ ਲਿੰਕ ਜਿਹੜੇ ਵੈਬਸਾਈਟ ਤੋਂ ਬਾਹਰ ਪਰਿਭਾਸ਼ਿਤ ਕੀਤੇ ਜਾਂਦੇ ਹਨ )। ਟੈਕਸਟ ਜਾਂ ਈਮੇਜ ਨੂੰ ਕਿਸੀ ਵੈੱਬਪੇਜ਼ ਵਿੱਚ ਹਾਈਪਰਲਿੰਕ ਦੇ ਵਜੋਂ ਵਰਤਿਆ ਜਾ ਸਕਦਾ ਹੈ।

### 3.1.1 ਐਂਕਰ ਟੈਗ <a>:

ਐਂਕਰ ਟੈਗ <a> ਕਿਸੇ ਵੈਬਪੇਜ਼ ਤੇ ਇੱਕ ਲਿੰਕ ਬਣਾਉਣ ਲਈ ਵਰਤਿਆ ਜਾਂਦਾ ਹੈ। ਇਹ <a> ਟੈਗ ਨਾਲ ਸ਼ੁਰੂ ਹੁੰਦਾ ਹੈ ਅਤੇ </a> ਨਾਲ ਬੰਦ ਹੁੰਦਾ ਹੈ। ਐਂਕਰ ਟੈਗ ਦੀ ਸਭ ਤੋ ਮਹੱਤਵਪੂਰਨ ਐਟਰੀਬਿਊਟ href ਹੈ, ਜੋ ਲਿੰਕ ਦੇ ਡੈਸਟੀਨੇਸ਼ਨ ਬਾਰੇ ਸੰਕੇਤ ਕਰਦੀ ਹੈ।

ਮੂਲ ਰੂਪ ਵਿੱਚ, ਲਿੰਕ ਸਾਰੇ ਬਰਾਊਜ਼ਰਾਂ ਵਿੱਚ ਹੇਠਾਂ ਦਰਸਾਏ ਅਨੁਸਾਰ ਦਿਖਾਈ ਦੇਵੇਗਾ।


ਇੱਕ ਅਨਵਿਜ਼ਟਿਡ ਲਿੰਕ(ਜਿਸ ਉੱਤੇ ਕਲਿੱਕ ਨਾ ਕੀਤਾ ਹੋਵੇ)ਅੰਡਰਲਾਈਨ ਅਤੇ ਨੀਲੇ ਰੰਗ ਦਾ ਹੁੰਦਾ ਹੈ। ਇੱਕ ਵਿਜ਼ਿਟ (ਜਿਸ ਉੱਤੇ ਕਲਿੱਕ ਕੀਤਾ ਹੋਵੇ) ਕੀਤੇ ਹੋਏ ਲਿੰਕ ਹੇਠਾਂ ਰੇਖਾ ਖਿੱਚੀ ਜਾਦੀ ਹੈ ਅਤੇ ਇਸਦਾ ਰੰਗ ਜਾਮਨੀ ਹੁੰਦਾ ਹੈ।

ਇੱਕ ਐਕਟਿਵ ਲਿੰਕ ਅੰਡਰ ਲਾਈਨ ਹੁੰਦਾ ਹੈ ਅਤੇ ਉਸਦਾ ਰੰਗ ਲਾਲ ਹੁੰਦਾ ਹੈ।


Href ਯੂਜ਼ਰ ਨੂੰ ਉਸਦੀ ਜ਼ਰੂਰਤ ਅਨੁਸਾਰ ਲਿੰਕ ਦੇ ਸਬੰਧ ਨੂੰ ਪਰਿਭਾਸ਼ਿਤ ਕਰਦਾ ਹੈ। ਇਹ ਵਿਜ਼ਿਟ ਕੀਤੇ ਜਾਣ ਵਾਲੇ ਵੈਬਪੇਜ਼ ਦਾ ਯੂ.ਆਰ.ਐਲ. ਪਰਦਾਨ ਕਰਦਾ ਹੈ। ਇਹ ਵਿਜ਼ਿਟ ਕੀਤੇ ਜਾਣ ਵਾਲੇ HTML ਪੇਜ਼ ਦਾ ਐਡਰੈੱਸ ਪਰਿਭਾਸ਼ਿਤ ਕਰਦਾ ਹੈ (ਜਿਵੇਂ ਕਿ tables.html)। ਐਂਕਰ ਟੈਗ ਦਾ ਸਿੰਟੈਕਸ ਹੇਠਾਂ ਪਰਿਭਾਸ਼ਿਤ ਕੀਤਾ ਗਿਆ ਹੈ:-

<a href="*url*">*link text*</a>

ਉਦਾਹਰਨ : <a href="tables.html">Visit our tables page</a>




ਚਿੱਤਰ 3.1 HTML ਕੋਡ




ਚਿੱਤਰ 3.2 ਆਉਟਪੁਟ

### 3.1.2 ਲਿੰਕ ਦੀਆਂ ਕਿਸਮਾਂ :

3.1.2.1 ਇੱਕ ਵੈਬਪੇਜ਼ ਵਿੱਚ ਪਰਿਭਾਸ਼ਿਤ ਕੀਤੇ ਗਏ ਲਿੰਕ:

ਜਦੋ ਇੱਕ ਲਿੰਕ ਨੂੰ ਉਸੇ ਵੈਬਪੇਜ਼ ਵਿੱਚ ਪਰਿਭਾਸ਼ਿਤ ਕੀਤਾ ਜਾਂਦਾ ਹੈ, ਤਾਂ ਸਾਨੂੰ ਐਂਕਰ ਟੈਗ ਨਾਲ ਪਰਿਭਾਸ਼ਿਤ ਕਰਨ ਲਈ ਦੋ ਭਾਗਾਂ ਦੀ ਲੋੜ ਹੁੰਦੀ ਹੈ:-

1. "HREF" ਵੈਬਪੇਜ਼ ਦੇ ਦਿੱਤੇ ਗਏ ਹਿੱਸੇ ਲਈ ਲਿੰਕ ਨੂੰ ਪਰਿਭਾਸ਼ਿਤ ਕਰਦਾ ਹੈ।

   ਸਿਨਟੈਕਸ <A HREF="#SNAME">LINK TO ANOTHER PART OF SAME WEBPAGE</A>

2. "NAME" ਉਸ ਲਿੰਕ ਦਾ ਹਵਾਲਾ ਦਿੰਦਾ ਹੈ ਜਿਸਦਾ ਅਰਥ ਹੈ ਕਿ ਇਹ ਲਿੰਕ ਕਰਨ ਵਾਲੇ ਭਾਗ ਨੂੰ ਪਰਿਭਾਸ਼ਿਤ ਕਰਦਾ ਹੈ।

   ਸਿਨਟੈਕਸ <A NAME="SNAME">NEW SECTION</A>


ਆਓ ਇੱਕ ਉਦਾਹਰਨ ਨਾਲ ਇਸਦੀ ਵਿਆਖਿਆ ਕਰੀਏ ਜਿਵੇਂ ਕਿ ਚਿੱਤਰ 3.3 ਅਤੇ 3.4 ਵਿੱਚ ਦਿਖਾਇਆ ਗਿਆ। ਜਦੋ ਯੂਜ਼ਰ HTML ਦੇ disadvantages ਤੇ ਕਲਿੱਕ ਕਰਦਾ ਹੈ ਤਾਂ ਇਹ ਵੈਬਪੰਨੇ ਦੇ disadvantages ਵਾਲੇ ਹਿੱਸੇ ਦਿਖਾਏਗਾ।

ਇੱਥੇ name ਐਟਰੀਬਿਊਟ ਯੂਜ਼ਰ ਨੂੰ ਉਸੇ ਪੇਜ਼ ਤੇ ਇੱਕ ਲਿੰਕ ਬਣਾਉਣ ਦੀ ਆਗਿਆ ਦਿੰਦਾ ਹੈ। ਇਹ ਲਿੰਕ name ਨੂੰ ਪਰਿਭਾਸ਼ਿਤ ਕਰਦਾ ਹੈ ਜਿਸ ਰਾਹੀਂ ਇਕੋ ਪੇਜ਼ 'ਤੇ ਲਿੰਕ ਦੀ ਪਛਾਣ ਕੀਤੀ ਜਾਂਦੀ ਹੈ ਅਤੇ ਹਾਈਪਰਲਿੰਕ ਕੀਤੀ ਜਾਂਦੀ

```
<html>
<head>
<title>hyperlinks in html</title>
</head>
<body>
<a href="#HTML">Visit HTML DEFINITION</a><BR>
<A href="#ADVANTAGES">HTML ADVANTAGES   </A><BR>
<A href="#DISADVANTAGES">HTML
DISADVANTAGES</A><BR>
<A NAME="#HTML"></A><BR>
HTML refers to the HyperText Markup L   anguage.<BR>
POINTS ABOUT HTML:<BR>
1. HTML is used to create webpages.<BR>
2. HTML used many tags to make a webpage. So it is a tag
based language.<BR>
3. The tags of HTML are surrounded by angular bracket.<BR>
4. It can use wide ranges of colors,objects   and layouts.<BR>
5. Very useful for beginners in web designing field.<BR>
<A NAME="#ADVANTAGES">ADVANTAGES OF
HTML</A><BR>
```

```
Advantages of HTML:< it is widely used.<BR>
2. Every browser supports HTML language.<BR>
3. Easy to learn and use.<BR>
4. It is by def ault in every windows so you don't need to
purchase extra software.<BR>
<A NAME="#DISADVANTAGES">DISADVANTAGES</A><BR>
Disadvantages of HTML:<BR>
1. It can create only static and plain pages so
 if we need dynamic pages then HTMLis not useful.<BR>
  2. Need to write lot of code for making simple
webpage.<BR>
3. Security features are not good in HTML.<BR>
4. If we need to write long code for making a webpage then
it produces some complexity.<BR>
</body>
</html>
```

ਚਿੱਤਰ 3.3





ਚਿੱਤਰ 3.4

## 3.1.2.2 ਐਕਸਟਰਨਲ (External) ਲਿੰਕ:

ਵੈੱਬਸਾਈਟ ਦੇ ਬਾਹਰ ਪਰਿਭਾਸ਼ਿਤ ਲਿੰਕ ਨੂੰ ਬਾਹਰੀ ਲਿੰਕ ਵਜੋਂ ਜਾਣਿਆ ਜਾਂਦਾ ਹੈ। ਇਹ ਲਿੰਕ ਵੈਬਸਾਈਟ ਦੇ ਸੰਪੂਰਨ ਅਤੇ ਸਹੀ ਐਡਰੈਸ ਦੇ ਨਾਲ ਪਰਿਭਾਸ਼ਿਤ ਕੀਤੇ ਜਾਂਦੇ ਹਨ। ਜਦੋਂ ਯੂਜ਼ਰ ਇਹਨਾਂ ਲਿੰਕਾਂ ਤੇ ਕਲਿੱਕ ਕਰਦਾ ਹੈ ਤਾਂ ਉਸ ਨੂੰ ਵੈਬ ਬਰਾਊਜ਼ਰ ਦੀ ਸਹਾਇਤਾ ਨਾਲ ਲਿੰਕ ਵਿੱਚ ਦਿੱਤੇ URL ਤੇ ਭੇਜਿਆ ਜਾਂਦਾ ਹੈ।


ਉਦਾਹਰਨ <A HREF=HTTP://WWW.SSAPUNJAB.ORG>SSAPUNJAB WEBSITE</A>

ਜਦੋਂ ਯੂਜ਼ਰ ਉਪਰੋਕਤ ਲਿੰਕ 'ਤੇ ਕਲਿੱਕ ਕਰਦਾ ਹੈ, ਤਾਂ ssapunjab.org ਖੁੱਲ ਜਾਵੇਗੀ।ਆਓ ਇਕ ਉਦਾਹਰਨ ਦੇ ਨਾਲ ਇਸ ਦੀ ਵਿਆਖਿਆ ਕਰੀਏ ਜਿਵੇਂ ਕਿ ਚਿੱਤਰ 3.5 ਅਤੇ 3.6 ਵਿੱਚ ਕੋਡ ਅਤੇ ਆਉਟਪੁੱਟ ਰਾਹੀਂ ਦਿਖਾਇਆ ਗਿਆ ਹੈ।



```
<html>
 <head>
 <title>hyperlinks in html</title>
 </head>
 <body>DIFFERENT USEFULL WEBSITES FOR A STUDENT<BR><BR>
<A href="HTTP://SSAPUNJAB.ORG">Visit SSAPUNJAB WEBSITE</A>
<BR><BR>
<A href="HTTP://PSEB.AC.IN">Visit PSEB MOHALI WEBSITE</A>
<BR><BR>
<A href="HTTP://EPUNJABSCHOOL.GOV.IN">Visit EPUNJABSCHOOL
WEBSITE</A><BR><BR>
<A href="HTTP://SCHOLARSHIPS.GOV.IN">Visit SCHOLARSHIP
RELATED  WEBSITE</A><BR><BR>
<A href="HTTP://PUNJABSCHOLARSHIPS.GOV.IN">APPLY FOR SC/BC
SCHOLARSHIPS
RELATED  WEBSITE</A><BR><BR>
<A href="HTTP://WELFAREPUNJAB.GOV.IN">Visit WELFARE DEPARTMENT</A>
 </body>
 </html>
```

ਚਿੱਤਰ 3.5




ਚਿੱਤਰ 3.6


### 3.1.3 ਇੱਕ ਹਾਇਪਰਲਿੰਕ ਦੇ ਤੌਰ 'ਤੇ ਇਮੇਜ਼ ਨੂੰ ਲਿੰਕ ਕਰਨਾ :

ਜਿਵੇਂ ਕਿ ਅਸੀਂ ਪਹਿਲਾਂ ਪੜ ਚੁੱਕੇ ਹਾਂ , ਹਾਈਪਰਲਿੰਕ ਨੂੰ ਵੈਬਪੇਜ਼ ਦੇ ਟੈਕਸਟ ਤੇ ਹੋਰ ਐਲੀਮੈਂਟ ਤੇ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। ਅਸੀਂ ਇਮੇਜ਼ ਤੇ ਹਾਈਪਰਲਿੰਕ ਨੂੰ ਵੀ ਪਰਿਭਾਸ਼ਿਤ ਕਰ ਸਕਦੇ ਹਾਂ।


ਉਦਾਹਰਨ<A HREF="bodybackground.html" ><image src="lampbg.jpeg" HEIGHT=70% WIDTH=60% >

ਇੱਥੇ ਉਪਰੋਕਤ ਉਦਾਹਰਣ ਵਿੱਚ ਇਮੇਜ਼ "lampbg.jpeg" ਨੂੰ ਇੱਕ ਹਾਈਪਰਲਿੰਕ ਬਣਾਇਆ ਗਿਆ ਹੈ। ਇਸ ਲਈ ਯੂਜ਼ਰ ਨੂੰ ਦਿੱਤੇ ਇਮੇਜ਼ ਉੱਤੇ ਇੱਕ ਲਿੰਕ ਬਣਾਉਣ ਲਈ ਐਂਕਰ ਟੈਗ ਅਤੇ Img SRC ਟੈਗ ਪਰਿਭਾਸ਼ਿਤ ਕਰਨਾ ਪੈਂਦਾ ਹੈ।


ਇੱਕ ਇਮੇਜ਼ ਦੇ ਨਾਲ HTML ਪ੍ਰੋਗਰਾਮ "Link.html" ਬਣਾਓ, ਫਿਰ ਚਿੱਤਰ 3.7 (a) , 3.7 (b) ਅਤੇ 3.8 (a), 3.8(b) ਡਾਇਗਰਾਮ ਵਿੱਚ ਦਿਖਾਏ ਅਨੁਸਾਰ hyperlinkImg.html ਦੇ ਨਾਲ ਇੱਕ ਹੋਰ ਪ੍ਰੋਗਰਾਮ ਬਣਾਓ ਅਤੇ ਨਤੀਜੇ ਵੇਖੋ।





ਚਿੱਤਰ 3.7 (a)




ਚਿੱਤਰ 3.7 (b)




ਚਿੱਤਰ 3.8 (a)




ਚਿੱਤਰ 3.8 (b)

### 3.1.4 ਈ-ਮੇਲ ਨਾਲ ਲਿੰਕ ਕਰਨਾ:-

ਤੁਸੀ ਐਂਕਰ ਟੈਗ ਨਾਲ ਕਿਸੇ ਈ-ਮੇਲ ਪਤੇ ਨੂੰ ਲਿੰਕ ਕਰ ਸਕਦੇ ਹੋ ਇਸ ਨਾਲ ਇੱਕ ਯੂਜ਼ਰ ਲਿੰਕ 'ਤੇ ਕਲਿੱਕ ਕਰਕੇ ਡਿਜ਼ਾਇਨਰ ਨੂੰ ਈ-ਮੇਲ ਭੇਜਿਆ ਜਾ ਸਕਦਾ ਹੈ।

ਇੱਕ ਈ-ਮੇਲ ਪਤੇ ਨਾਲ ਲਿੰਕ ਕਰਨ ਲਈ ਵਰਤਿਆ ਜਾਣ ਵਾਲਾ ਕੋਡ ਇਸ ਪ੍ਰਕਾਰ ਹੈ।

<A HREF = mail to: abc@rediffmail.com> mailme </A>.

ਇੱਥੇ abc@rediffmail.com ਮੇਲ ਐਡਰੈੱਸ ਹੈ ਅਤੇ mailme ਹਾਈਪਲਿੰਕ ਹੈ।

## 3.2 ਫਾਰਮ (FORM)

ਇਹ ਐਚ.ਟੀ.ਐਮ.ਐਲ. ਪੇਜ ਦਾ ਇਕ ਹਿੱਸਾ ਹੈ ਜਿਸ ਵਿੱਚ ਉਹ ਖੇਤਰ ਸ਼ਾਮਲ ਹੁੰਦੇ ਹਨ ਜਿੱਥੇ ਰੀਡਰ WEBSITE ਜਾਂ ਵੈਬ ਪੇਜ਼ ਦੇ ਪ੍ਰਕਾਸ਼ਕਾਂ ਨੂੰ ਵਾਪਸ ਭੇਜੀ ਜਾਣ ਵਾਲ਼ੀ ਜਾਣਕਾਰੀ ਦਰਜ ਕਰ ਸਕਦੇ ਹਨ। ਇਹ ਇੱਕ ਕੰਟੇਨਰ ਹੈ ਜਿਸ ਵਿੱਚ ਹੋਰ ਫਾਂਰਮ ਐਲੀਮੈਂਟਸ ਜਿਵੇਂ ਕਿ ਟੈਕਸਟ ਬਾਕਸ, ਰੇਡੀਓ ਬਟਨ, ਲਿਸਟ ਬਾਕਸ ਆਦਿ ਹੁੰਦੇ ਹਨ। ਇੱਕ ਫਾਰਮ ਵਿੱਚ ਜਾਣਕਾਰੀ ਨੂੰ ਫੀਡ ਕਰਨ ਦੇ ਮਕਸਦ ਨੂੰ ਪੂਰਾ ਕਰਨ ਲਈ ਹਰ ਇੱਕ ਫਾਰਮ ਵਿੱਚ action ਅਤੇ method ਐਟਰੀਬਿਊਟ ਨੂੰ ਸ਼ਾਮਲ ਕਰਨਾ ਪੈਂਦਾ ਹੈ। ਇਹਨਾਂ ਨੂੰ ਹੇਠਾਂ ਸਮਝਾਇਆ ਗਿਆ ਹੈ:-

**Action :** ਐਟਰੀਬਿਊਟ ਇਹ ਦੱਸਦੀ ਹੈ ਕਿ ਜਦੋਂ ਫਾਰਮ ਨੂੰ ਸਬਮਿਟ ਕੀਤਾ ਜਾਂਦਾ ਹੈ ਤਾਂ ਫਾਰਮ ਨੂੰ ਕਿੱਥੇ ਭੇਜਣਾ ਹੈ। ਸਬਮਿਟ ਬਟਨ ਪ੍ਰੈਸ ਕਰਨ ਤੋਂ ਬਾਅਦ ਕਿਸੀ ਕਿਸਮ ਦੀ ਪ੍ਰੋਸੈਸਿੰਗ ਨਾ ਹੋਣ 'ਤੇ ਫਾਰਮ ਬੇਕਾਰ ਹੋ ਜਾਦਾ ਹੈ। Action ਐਟਰੀਬਿਊਟ ਦੀ ਵਰਤੋਂ ਇੱਕ ਵਾਰ ਸਬਮਿਟ ਬਟਨ ਪ੍ਰੈਸ ਕਰਨ ਤੋਂ ਬਾਅਦ ਬ੍ਰਾਊਜ਼ਰ ਨੂੰ ਇਹ ਸੂਚਿਤ ਕਰਨ ਲਈ ਕੀਤੀ ਜਾਂਦੀ ਹੈ ਕਿ ਕਿਹੜਾ ਪੇਜ਼ (ਜਾਂ ਸਕਰਿਪਟ) ਨੂੰ ਕਾਲ ਕਰਨਾ ਹੈ। ਇਹ ਸਬਮਿਟ ਹੋਣ ਤੋਂ ਬਾਅਦ ਫਾਰਮ ਡਾਟਾ ਨੂੰ URL ਨਿਸ਼ਚਿਤ ਕਰਦਾ ਹੈ।

<FORM ACTION="welcome.php">

**Method:**

Method ਐਟਰੀਬਿਊਟ ਉਸ ਤਰੀਕੇ ਨੂੰ ਪਰਿਭਾਸ਼ਿਤ ਕਰਦੀ ਹੈ ਜਿਸ ਰਾਹੀਂ ਯੂਜ਼ਰ ਦੀ ਸੂਚਨਾ ਫਾਰਮ ਵਿੱਚ ਐਂਟਰ ਕੀਤੀ ਜਾਂਦੀ ਹੈ ਅਤੇ ਜਿਸ ਨੂੰ ਵੈਬ ਸਾਈਟ ਸਰਵਰ ਤੇ ਭੇਜਿਆ ਅਤੇ ਸਟੋਰ ਕੀਤਾ ਜਾਂਦਾ ਹੈ। ਅਸਲ ਵਿੱਚ ਦੋ ਤਰੀਕਿਆਂ ਰਾਹੀਂ ਇਹ ਜਾਣਕਾਰੀ ਭੇਜੀ ਜਾ ਸਕਦੀ ਹੈ :

**Get Method:**

ਇਹ ਢੰਗ ਯੂਜ਼ਰ ਦੁਆਰਾ URLਪਾਥ ਦੀ ਵਰਤੋਂ ਕਰਕੇ ਫੀਡ ਡਾਟਾ ਨੂੰ ਐਨਕੋਡ ਕਰਨ ਅਤੇ ਸਰਵਰ ਨੂੰ ਭੇਜਣ ਲਈ ਵਰਤਿਆ ਜਾਂਦਾ ਹੈ। ਲਿਮਟਿਡ ਡਾਟਾ ਸਰਵਰ ਤੇ ਭੇਜਿਆ ਜਾ ਸਕਦਾ ਹੈ। ਇਸ ਦੇ ਪੈਰਾਮੀਟਰ ਬ੍ਰਾਊਜ਼ਰ ਦੀ ਹਿਸਟਰੀ ਵਿੱਚ ਰਹਿੰਦੇ ਹਨ।

ਉਦਾਹਰਨ <FORM method=get action="welcome.php">

**Post Method:**

ਇਸ ਢੰਗ ਦੀ ਵਰਤੋਂ ਯੂ.ਆਰ.ਐਲ. ਨੂੰ ਬਿਨਾਂ ਦਖਲ ਦਿੱਤੇ ਸਰਵਰ 'ਤੇ ਡਾਟਾ ਸਟੋਰ ਕਰਨ ਲਈ ਕੀਤੀ ਜਾਂਦੀ ਹੈ ਅਤੇ ਵੈਬਸਾਈਟ form ਨੂੰ GET ਵਿਧੀ ਰਾਹੀਂ ਸਰਵਰ ਨੂੰ ਭੇਜਣ ਲਈ ਵਧੇਰੇ ਸੁਰੱਖਿਅਤ ਹੈ। ਡਾਟਾ ਭੇਜਣ 'ਤੇ ਕੋਈ ਪਾਬੰਦੀ

ਨਹੀਂ ਹੁੰਦੀ। ਇਸਦੇ ਮਾਪਦੰਡ ਬ੍ਰਾਊਜ਼ਰ ਦੀ ਹਿਸਟਰੀ ਵਿੱਚ ਨਹੀਂ ਹਨ।

ਉਦਾਹਰਨ <FORM method=Post action="welcome.php">

### 3.2.1 ਇਕ ਫਾਰਮ ਤਿਆਰ ਕਰਨਾ :

ਹਰੇਕ ਫਾਰਮ <form> ਟੈਗ ਨਾਲ ਸ਼ੁਰੂ ਹੋਣਾ ਚਾਹੀਦਾ ਹੈ, ਜਿਹੜਾ ਕਿ html ਡਾਕੂਮੈਂਟ ਵਿੱਚ ਕਿਤੇ ਵੀ ਸਥਿਤ ਹੁੰਦਾ ਹੈ ਅਤੇ </form> ਨਾਲ ਖਤਮ ਹੁੰਦਾ ਹੈ। ਫਾਰਮ ਵਿੱਚ ਕੁਝ ਅਲੱਗ ਤਰ੍ਹਾਂ ਦੇ ਕੰਟਰੋਲ ਉਪਲੱਬਧ ਹਨ ਜਿਨ੍ਹਾਂ ਦੀ ਵਿਆਖਿਆ ਹੇਠਾਂ ਕੀਤੀ ਗਈ ਹੈ।


### 3.2.2 ਟੈਕਸਟ ਇਨਪੁੱਟ :

ਇਹ ਇੱਕ ਕਿਸਮ ਦੀ ਫਾਰਮ ਕੰਟਰੋਲ ਹੈ ਅਤੇ ਇਸ ਨੂੰ ਯੂਜ਼ਰ ਰਾਹੀਂ ਇੱਕ ਫਾਰਮ ਦੇ ਅੰਦਰ ਇੱਕ ਖਾਸ ਜਾਣਕਾਰੀ ਪੁੱਛਣ ਲਈ ਵਰਤਿਆ ਜਾਂਦਾ ਹੈ। ਇਹ <input> element type. ਵਰਤਦਾ ਹੈ। Type ਇੱਕ ਐਟਰੀਬਿਊਟ ਹੈ ਜੋ ਕਿ ਇਨਪੁੱਟ ਐਲੀਮੈਂਟ ਵਿੱਚ ਨਿਯੰਤਰਣ ਦੀ ਕਿਸਮ ਨੂੰ ਨਿਰਧਾਰਿਤ ਕਰਨ ਲਈ ਵਰਤਿਆ ਜਾਂਦਾ ਹੈ। ਜੋ ਕਿ ਯੂਜ਼ਰ ਫਾਰਮ ਵਿੱਚ ਵਰਤਣਾ ਚਾਹੁੰਦਾ ਹੈ।

ਇਹ ਟੈਗ <form> ਅਤੇ </form> ਟੈਗ ਦੇ ਵਿਚਕਾਰ ਹੋਣਾ ਚਾਹੀਦਾ ਹੈ। ਪਰ ਇਹ ਟੈਕਸਟ ਇਮੇਜ਼ ਅਤੇ ਹੋਰ html ਟੈਗਾਂ ਦੇ ਸੰਬੰਧ ਵਿੱਚ ਪੰਨੇ 'ਤੇ ਕਿਤੇ ਵੀ ਹੋ ਸਕਦਾ ਹੈ। ਉਦਾਹਰਨ ਲਈ,ਜੇ ਯੂਜ਼ਰ ਕਿਸੇ ਦੇ ਨਾਮ ਦੀ ਮੰਗ ਕਰਦਾ ਹੈ ਤਾਂ ਤੁਸੀ ਹੇਠ ਲਿਖਿਆਂ ਨੂੰ ਟਾਈਪ ਕਰ ਸਕਦੇ ਹੋ:

ਉਦਾਹਰਨ What is your first name ? <Input type="text"name=fullname"size="20"

ਇੱਥੇ type ਲੋੜੀਂਦੇ ਇਨਪੁੱਟ ਦੀ ਕਿਸਮ ਨੂੰ ਪਰਿਭਾਸ਼ਿਤ ਕਰਦਾ ਹੈ। name ਫੀਲਡ ਦਾ ਨਾਮ ਨਿਸ਼ਚਿਤ ਕਰਦਾ ਹੈ ਜੋ ਕਿ ਫਾਰਮ ਤੋਂ ਜਾਣਕਾਰੀ ਪ੍ਰਾਪਤ ਕਰਨ ਲਈ ਵਰਤਿਆ ਜਾਂਦਾ ਹੈ, size ਟੈਕਸਟ ਨੂੰ ਪਰਿਭਾਸ਼ਿਤ ਕਰਦੇ ਹਨ ਜੇਕਰ ਵੈੱਬ ਡਿਜ਼ਾਇਨਰ ਇਹ ਚਾਹੁੰਦੇ ਹਨ ਕਿ ਯੂਜ਼ਰ ਟੈਕਸਟ ਨੂੰ ਸਕਰੀਨ ਤੇ ਦਿਖਾਏ ਬਿਨ੍ਹਾਂ ਦਾਖਲ ਕਰਨ ਤਾਂ ਉਹ <input type ="text"> ਦੀ ਬਜਾਏ <input type ="password"> ਵਰਤ ਸਕਦੇ ਹਨ।ਫਿਰ ਐਸਟਰਿਕ (*) text ਦੇ ਸਥਾਨ 'ਤੇ ਪ੍ਰਦਰਸ਼ਿਤ ਹੁੰਦੇ ਹਨ, ਜੋ ਕਿ ਯੂਜ਼ਰ ਟਾਈਪ ਕਰਦਾ ਹੈ।




ਚਿੱਤਰ 3.9




ਚਿੱਤਰ 3.10

### 3.2.3 ਟੈਕਸਟ ਏਰੀਆ :

ਇਹ ਇੱਕ ਕੰਟੇਨਰ ਟੈਗ ਹੈ ਅਤੇ ਇੱਕ ਸਿੰਗਲ ਇਨਪੁੱਟ ਆਈਟਮ ਵਿੱਚ ਟੈਕਸਟ ਦੀਆਂ ਬਹੁਤੀਆਂ ਲਾਈਨਾਂ ਨੂੰ ਦਾਖਲ ਕਰਨ ਲਈ ਵਰਤਿਆਂ ਜਾਂਦਾ ਹੈ।ਇਸ ਦੇ ਦੋ ਐਟਰੀਬਿਊਟਸ ਹਨ ਜੋ ਕਿ ROWS ਅਤੇ COLS ਹਨ। Rows ਟੈਕਸਟ ਏਰੀਆ ਵਿੱਚ ਪਰਿਭਾਸ਼ਿਤ ਕੀਤੀਆਂ ਰੋਅਜ਼ ਦੀ ਗਿਣਤੀ ਨੂੰ ਪਰਿਭਾਸ਼ਿਤ ਕਰਦੀ ਹੈ ਅਤੇ COLS ਟੈਕਸਟ ਏਰੀਆ ਵਿੱਚ ਵਰਤੇ ਗਏ ਕਾਲਮਾਂ ਦੀ ਗਿਣਤੀ ਨੂੰ ਪਰਿਭਾਸ਼ਿਤ ਕਰਦੇ ਹਨ। ਜੇਕਰ ਯੂਜ਼ਰ ਕੁਝ ਡਿਫਾਲਟ ਟੈਕਸਟ ਨੂੰ ਪਰਿਭਾਸ਼ਿਤ ਕਰਨਾ ਚਾਹੁੰਦਾ ਹੈ ਤਾਂ ਉਹ ਟੈਕਸਟ ਏਰੀਆ ਦੇ ਓਪਨਿੰਗ ਅਤੇ ਕਲੋਜ਼ਿੰਗ ਟੈਗਸ ਦੇ ਅੰਦਰ ਪਰਿਭਾਸ਼ਿਤ ਕਰ ਸਕਦਾ ਹੈ। ਇਹ ਸਾਰਾ ਕੁਝ ਹੇਠਾਂ ਸਮਝਾਇਆ ਗਿਆ ਹੈ।

ਉਦਾਹਰਨ <textarea name="comments" rows="4" cols="20">
Please send more information. </textarea>

Rows, Cols ਐਟਰੀਬਿਊਟਸ, ਇਨਪੁੱਟ ਬਾਕਸ ਵਿੱਚ ਫਿੱਟ ਹੋਣ ਵਾਲੀਆਂ ਰੋਅਜ਼ ਅਤੇ ਰੋਅਜ਼ ਦੀ ਗਿਣਤੀ ਨੂੰ ਕੰਟਰੋਲ ਕਰਦੀਆਂ ਹਨ।

ਟੈਕਸਟ ਏਰੀਆ ਬਾਕਸ ਵਿੱਚ ਇੱਕ ਸਕਰੋਲਬਾਰ ਹੁੰਦਾ ਹੈ। ਹਾਲਾਂਕਿ, ਯੂਜ਼ਰ ਡਿਸਪਲੇ ਖੇਤਰ ਵਿੱਚ ਫਿੱਟ ਹੋਣ ਤੋਂ ਜ਼ਿਆਦਾ ਟੈਕਸਟ ਦਰਜ ਕਰ ਸਕਦਾ ਹੈ।

### 3.2.4 ਚੈੱਕ ਬਾਕਸਿਜ਼ (CHECK BOXES):

ਸਭ ਤੋਂ ਅਸਾਨ ਇਨਪੁੱਟ ਟਾਈਪ ਇੱਕ ਚੈਕ ਬਾਕਸ ਹੈ, ਜੋਕਿ ਇੱਕ ਛੋਟੇ ਜਿਹੇ ਵਰਗ ਦੇ ਤੌਰ 'ਤੇ ਦਿਖਾਈ ਦਿੰਦਾ ਹੈ ਜਿਸ ਨੂੰ ਯੂਜ਼ਰ ਇਸ ਤੇ ਕਲਿੱਕ ਕਰਕੇ ਸਿਲੈਕਟ ਜਾਂ ਡੀ-ਸਲੈਕਟ ਕਰ ਸਕਦਾ ਹੈ। ਇਹ ਆਮ ਤੌਰ 'ਤੇ ਇੱਕ ਸਮੂਹ ਵਿੱਚ ਜਾਣਕਾਰੀ ਨੂੰ ਚੁਣਨ ਅਤੇ ਸਾਝਾਂ ਕਰਨ ਲਈ ਵਰਤਿਆ ਜਾਂਦਾ ਹੈ। ਇਹ HTML ਦੇ <INPUT> ਐਲੀਮੈਂਟ ਵਿੱਚ ਵਰਤਿਆ ਜਾਂਦਾ ਹੈ।

ਤੁਹਾਨੂੰ ਹਰ ਇੱਕ ਚੈੱਕ ਬਾਕਸ ਨੂੰ ਇੱਕ name ਐਟਰੀਬਿਊਟ ਦੇਣੀ ਪਵੇਗੀ। ਟਾਈਪ ਐਟਰੀਬਿਊਟ ਵਿੱਚ ਦਰਸਾਈ ਕੀਮਤ ਚੈੱਕਬਾਕਸ ਹੁੰਦਾ ਹੈ। ਇਹ ਇੱਥੇ ਉਦਾਹਰਨ ਸਹਿਤ ਬਿਆਨ ਕੀਤਾ ਗਿਆ ਹੈ।

ਉਦਾਹਰਨ <input type="checkbox" name="baby"> baby grand piano

<input type="checkbox" name="mini"> mini piano stool

ਤੁਸੀਂ ਇਸ 'ਤੇ ਕਲਿੱਕ ਕਰਕੇ ਕਿਸੇ ਵੀ ਆਪਸ਼ਨ ਜਾਂ ਦੋਵਾਂ ਨੂੰ ਵੇਖ ਸਕਦੇ ਹੋ ਤੁਸੀਂ ਕਿਸੇ ਇੱਕ ਆਪਸ਼ਨ ਜਾਂ ਦੋਹਾਂ ਨੂੰ ਹੀ ਕਲਿੱਕ ਕਰਕੇ ਚੈੱਕ ਵੀ ਕਰ ਸਕਦੇ ਹੋ। ਇਹ ਕੁਝ ਵਾਧੂ ਐਟਰੀਬਿਊਟਸ ਨੂੰ ਸਪੋਰਟ ਵੀ ਕਰਦਾ ਹੈ।


### 3.2.5 ਰੇਡੀਓ ਬਟਨ (Radio Button):

ਰੇਡੀਓ ਬਟਨ, ਉਹ ਬਟਨ ਹਨ ਜਿੱਥੇ ਇੱਕ ਸਮੇਂ ਸਿਰਫ ਇੱਕ ਚੋਣ ਕੀਤੀ ਜਾ ਸਕਦੀ ਹੈ ਅਤੇ ਚੈੱਕ ਬਾਕਸ ਦੀ ਤਰ੍ਹਾਂ ਲਾਗੂ ਕਰਨ ਵਿੱਚ ਲਗਭਗ ਸਰਲ ਹਨ। ਇਹ html ਦੇ <input> ਐਲੀਮੈਂਟ ਵਿੱਚ ਵਰਤਿਆ ਜਾਂਦਾ ਹੈ। ਯੂਜ਼ਰ ਨੂੰ ਹਰੇਕ ਰੇਡੀਓ ਬਟਨ ਨੂੰ ਇੱਥੇ <name> ਐਟਰੀਬਿਊਟ ਦੇਣੀ ਚਾਹੀਦੀ ਹੈ ਅਤੇ <type> ਐਟਰੀਬਿਊਟ ਵਿੱਚ ਪਰਿਭਾਸ਼ਿਤ ਕੀਤੀ ਗਈ ਕੀਮਤ radio ਹੁੰਦੀ ਹੈ। type="radio" ਟਾਈਪ ਕਰੋ ਅਤੇ ਹਰੇਕ ਆਪਸ਼ਨ ਲਈ ਉਸਦਾ ਆਪਣਾ ਇਨਪੁੱਟ ਟੈਗ ਦਿਓ ਪਰ ਗਰੁੱਪ ਦੇ ਸਾਰੇ ਰੇਡੀਓ ਬਟਨ ਲਈ ਇੱਕ ਹੀ ਨਾਮ ਦੀ ਵਰਤੋਂ ਕਰੋ। ਇਹ ਹੇਠਾਂ ਇੱਕ ਉਦਾਹਰਨ ਦੇ ਨਾਲ ਬਿਆਨ ਕੀਤਾ ਗਿਆ ਹੈ।


ਉਦਾਹਰਨ **<**input type="radio" name="card"> visa

<input type="radio" name="card"> master card

ਹੇਠਾਂ ਚਿੱਤਰ 3.11ਅਤੇ 3.11 ਵਿੱਚ ਪ੍ਰੋਗਰਾਮ ਟੈਕਸਟ ਇਨਪੁੱਟ ਅਤੇ ਇਸਦੇ ਸੰਬੰਧਿਤ ਆਊਟਪੁੱਟ ਦਿਖਾਉਂਦਾ ਹੈ।




ਚਿੱਤਰ 3.11




ਚਿੱਤਰ 3.12

## 3.2.6 ਸਿਲੈਕਸ਼ਨ ਲਿਸਟ (SELECTION LISTS):

ਇਸ ਆਪਸ਼ਨ ਵਿੱਚ ਯੂਜ਼ਰ ਇੱਕ ਲਿਸਟ ਵਿੱਚੋ ਸਿੰਗਲ ਜਾਂ ਬਹੁਤੇ ਆਪਸ਼ਨਾਂ ਨੂੰ ਚੁਣ ਸਕਦਾ ਹੈ। ਇਸ ਆਪਸ਼ਨ ਵਿੱਚ ਮਲਟੀਪਲ ਇਨਪੁੱਟ ਉਪਲਬਧ ਹੁੰਦੀਆਂ ਹਨ ਪਰ ਕੁਝ ਆਪਸ਼ਨ ਇੱਕ ਸਮੇਂ 'ਤੇ ਪ੍ਰਦਰਸ਼ਿਤ ਕੀਤੀਆਂ ਜਾ ਸਕਦੀਆਂ ਹਨ। ਸਕ੍ਰੋਲਿੰਗ ਲਿਸਟ ਅਤੇ ਪੁੱਲ-ਡਾਊਨ ਪਿੱਕ ਸੂਚੀਆਂ ***<select>***tag ਨਾਲ ਬਣਾਈਆਂ ਜਾਂਦੀਆਂ ਹਨ। ਤੁਸੀ ਇਸ ਟੈਗ ਨੂੰ ***<option>*** ਟੈਗ ਨਾਲ ਇੱਕਠੇ ਵਰਤ ਸਕਦੇ ਹੋ।

ਉਦਾਹਰਨ <select>
<option> electric windows</option>
<option> am/fm radio</option>
<option>turbocharger</option>
</select>
<select> ਅਤੇ</select>tag ਵਿਚਕਾਰ <option> ਅਤੇ </option> ਤੋਂ ਇਲਾਵਾਂ ਕੋਈ ਹੋਰ html ਟੈਗ ਸ਼ਾਮਲ ਨਹੀਂ ਹੋਣਾ ਚਾਹੀਦਾ ਹੈ।

### select ਟੈਗ ਦੇ ਐਟਰੀਬਿਊਟਸ (Attribute of select tag) :


**ਸਾਈਜ਼** ਇੱਥੇ Size ਐਟਰੀਬਿਊਟ ਇਹ ਨਿਰਧਾਰਿਤ ਕਰਦਾ ਹੈ ਕਿ ਸਿਲੈਕਸ਼ਨ ਲਿਸਟਾਂ 'ਤੇ ਇੱਕ ਵਾਰ ਕਿੰਨੀਆਂ ਚੀਜ਼ਾਂ ਨੂੰ ਦਿਖਾਇਆ ਜਾਂਦਾ ਹੈ। ਜੇਕਰ Size ="2" ਪਿਛਲੇ ਕੋਡ ਵਿੱਚ ਵਰਤਿਆ ਗਿਆ ਸੀ, ਤਾਂ ਸਿਰਫ ਪਹਿਲੇ ਦੋ ਵਿਕਲਪ ਨਜ਼ਰ ਆਉਣਗੇ ਅਤੇ ਇੱਕ ਸਕ੍ਰੋਲਬਾਰ ਸੂਚੀ ਦੇ ਅੱਗੇ ਦਿਖਾਈ ਦੇਵੇਗਾ ਤਾਂ ਕਿ ਯੂਜ਼ਰ ਤੀਜੀ ਚੋਣ ਵੇਖਣ ਲਈ ਹੇਠਾਂ ਸਕਰੋਲ ਕਰ ਸਕੇ।

ਉਦਾਹਰਨ <Select name =”Month” size=3>
name:-It is used to define name to the drop down menu.
<Select name =”Month” size=3 multiple>
Multiple:-This is used to select multiple options from the given list.


**Value:-** ਇਹ ਉਹ ਵੈਲਯੂ ਹੈ ਜਿਸ ਨੂੰ ਵਾਪਸ ਵੈਬਸਾਈਟ ਨੂੰ ਦੇਣਾ ਪਵੇਗਾ ਅਤੇ ਆਪਸ਼ਨ ਟੇਗ ਵਿੱਚ ਪਰਿਭਾਸ਼ਿਤ ਕੀਤਾ ਜਾਣਾ ਚਾਹੀਦਾ ਹੈ।

ਉਦਾਹਰਨ <option Value=”jan”>January

**Selected:-** ਜਦੋ ਇਹ ਵਿਕੱਲਪ ਵਰਤਿਆ ਜਾਂਦਾ ਹੈ ਤਾਂ ਦਿੱਤੇ ਗਏ ਵਿਕੱਲਪ ਨੂੰ ਪਹਿਲਾਂ ਹੀ ਚੁਣ ਲਿਆ ਜਾਵੇਗਾ, ਆਓ ਇਸ ਵਿਸ਼ੇ ਨਾਲ ਸੰਬੰਧਿਤ ਇਕ ਉਦਾਹਰਨ 'ਤੇ ਚਰਚਾ ਕਰੀਏ। ਜਿਵੇਂ ਚਿੱਤਰ 3.13 ਅਤੇ 3.14 ਵਿੱਚ ਦਿਖਾਇਆ ਗਿਆ ਹੈ।




ਚਿੱਤਰ 3.13




ਚਿੱਤਰ 3.14

## 3.3 ਬਟਨਜ਼ (BUTTONS) :

ਬਟਨਾਂ ਨੂੰ ਦਿੱਤੇ ਗਏ ਵੈਬਪੇਜ਼ ਤੇ ਕੁਝ ਕਾਰਵਾਈ ਕਰਨ ਲਈ ਵਰਤਿਆ ਜਾਂਦਾ ਹੈ। ਕੁਝ ਮਹੱਤਵਪੂਰਨ ਬਟਨ ਹੇਠਾਂ ਦਿੱਤੇ ਗਏ ਹਨ।

### 3.3.1 ਸਬਮਿਟ (SUBMIT):

ਹਰ ਫਾਰਮ ਵਿੱਚ ਇੱਕ ਅਜਿਹਾ ਬਟਨ ਸ਼ਾਮਲ ਹੋਣਾ ਚਾਹੀਦਾ ਹੈ ਜੋ ਡਾਟਾ ਫਾਰਮ ਸਰਵਰ ਨੂੰ ਭੇਜਦਾ ਹੈ। ਤੁਸੀਂ ਇਸ ਬਟਨ ਤੇ ਕੋਈ ਵੀ ਲੇਬਲ ਲਗਾ ਸਕਦੇ ਹੋ। ਇਸ ਦੇ ਦੋ ਐਟਰੀਬਿਊਟਸ ਇਹ ਹਨ। Type ਜਿਸ ਦੀ ਸਬਮਿਟ ਕੀਤੀ ਜਾਣ ਵਾਲੀ ਕੀਮਤ ਹੁੰਦੀ ਹੈ ਅਤੇ Value ਐਟਰੀਬਿਊਟ ਜੋ ਕਿ ਸਬਮਿਟ ਬਟਨ ਦਾ ਨਾਮ ਪਰਿਭਾਸ਼ਿਤ ਕਰਦਾ ਹੈ, ਇਸ ਨੂੰ ਬਟਨ ਤੇ ਪ੍ਰਦਰਸ਼ਿਤ ਕੀਤਾ ਜਾ ਸਕਦਾ ਹੈ। ਇਹਨਾਂ ਨੂੰ ਇੱਕ ਉਦਾਹਰਨ ਨਾਲ ਹੇਠਾਂ ਦਰਸਾਇਆ ਗਿਆ ਹੈ।

**<input type="submit" value="OK">**

ਇੱਕ ਬਟਨ ਸਕਰੀਨ 'ਤੇ ਦਿਖਾਈ ਦੇਵੇਗਾ। ਜਦੋਂ ਯੂਜ਼ਰ ਇਸ ਉੱਤੇ ਕਲਿੱਕ ਕਰਦਾ ਹੈ ਤਾਂ ਫਾਰਮ ਵਾਲੀਆਂ ਸਾਰੀਆਂ ਡਾਟਾ ਆਈਟਮਾਂ ਸਬਮਿਟ ਕੀਤੀਆਂ ਜਾਂਦੀਆਂ ਹਨ।


### 3.3.2 RESET ਬਟਨ :

ਤੁਸੀ ਇੱਕ ਹੋਰ ਬਟਨ ਵੀ ਸ਼ਾਮਲ ਕਰ ਸਕਦੇ ਹੋ ਜੋ ਫਾਰਮ ਦੀਆਂ ਸਾਰੀਆਂ ਐਂਟਰੀਆਂ Clear ਕਰ ਦਿੰਦਾ ਹੈ ਤਾਂ ਜੋ ਯੂਜ਼ਰ ਗਲਤੀ ਹੋਣ ਤੇ ਜਾਂ ਆਪਣਾ ਵਿਚਾਰ ਬਦਲਣ ਤੇ ਦੁਬਾਰਾ ਸ਼ੁਰੂ ਕਰ ਸਕੇ।ਇਸ ਦੇ ਦੋ ਐਟਰੀਬਿਊਟ ਹਨ ਇਹ ਹਨ <*type*>, ਜਿਸ ਵਿੱਚ reset ਵੈਲਯੂ ਅਤੇ value ਐਟਰੀਬਿਊਟ ਹੈ, ਜੋ ਕਿ ਰੀਸੈਟ ਬਟਨ ਦਾ ਨਾਂ,ਪਰਿਭਾਸ਼ਿਤ ਕਰਦਾ ਹੈ ਅਤੇ ਜੋ ਬਟਨ ਤੇ ਵਿਖਾਇਆ ਜਾ ਸਕਦਾ ਹੈ। ਇਹਨਾਂ ਨੂੰ ਇੱਕ ਉਦਾਹਰਨ ਨਾਲ ਹੇਠਾਂ ਦਰਸਾਇਆ ਗਿਆ ਹੈ।

***<input type="reset" value="CLEAR ALL">***


**All parts of a form must fall between the <form> and </form> tags**

ਇੱਕ ਫਾਰਮ ਦੇ ਸਾਰੇ ਭਾਗ <form> ਅਤੇ </form> ਟੈਗਾਂ ਦੇ ਵਿਚਕਾਰ ਹੋਣੇ ਚਾਹੀਦੇ ਹਨ। ਬਟਨਾਂ ਨੂੰ ਇੱਕ ਉਦਾਹਰਨ ਰਾਹੀਂ ਸਮਝਾਇਆ ਗਿਆ ਹੈ। ਜਿਵੇਂ ਕਿ ਚਿਤਰ 3.15 ਅਤੇ 3.16 ਵਿੱਚ ਦਿਖਾਇਆ ਗਿਆ ਹੈ।




```
<html>
<head>
<title>
Buttons
</title>
</head>
<body>
<h1>USES OF BUTTONS:-</h1>
<p>PLEASE SELECT OPTIONS
<form> <pre>
Input Devices
<select NAME="INPUT" SIZE="3"  >
<option VALUE="KEY" SELECTED>KEYBOARD </option>
<option VALUE="MOUSE">MOUSE </option>
<option VALUE="TB">TRACK BALL </option>
<option VALUE="OMR">OMR </option>
<option VALUE="SCAN">SCANNER </option>
</select>
Output Devices
<select NAME="output" SIZE="2" multiple  >
<option VALUE="print" >PRINTER </option>
<option VALUE="Plot">PLOTTER </option>
<option VALUE="Mon">Monitor </option>
</pre>
</select><br>
<Input type="Submit" value="Submit"><br>
<Input type="Reset" value="Clear All">
</form>
</body>
</html>
```

ਚਿੱਤਰ 3.15




ਚਿੱਤਰ 3.16